# ਡਾਇਰੈਕਟੋਰੇਟ ਪਸ਼ੂ ਪਾਲਣ ਵਿਭਾਗ ਪੰਜਾਬ

( ਵਿਕਾਸ ਸ਼ਾਖਾ )

ਸੇਵਾ ਵਿਖੇ,

ਡਿਪਟੀ ਡਾਇਰੈਕਟਰ, ਪਸ਼ੂ ਪਾਲਣ,
ਸੀਮਨ ਸਟੇਸ਼ਨ ਨਾਭਾ (ਪਟਿਆਲਾ) ।

ਮੀਮੋ ਨੰ: 02/30/19 .ਡੀ-1/................................/
ਮਿਤੀ......................................./

ਵਿਸ਼ਾ:- ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਸੀਮਨ ਸਟੇਸ਼ਨ ਨਾਭਾ ਵਿਖੇ ਪਸ਼ੂਆਂ ਦੀ ਦੇਖਭਾਲ, ਫਾਰਮ ਤੇ ਪੈਦਾ ਕੀਤੇ ਜਾਂਦੇ ਹਰੇ ਚਾਰੇ ਦੀ ਕਟਾਈ ਅਤੇ ਖੇਤੀਬਾੜੀ ਨਾਲ ਸਬੰਧਿਤ ਹੋਰ ਕੰਮਾਂ ਆਦਿ ਨੂੰ ਠੇਕੇ ਤੇ ਕਰਵਾਉਣ ਲਈ ਕੀਤੇ ਜਾਣ ਵਾਲੇ ਟੈਂਡਰ ਸਬੰਧੀ ।

ਹਵਾਲਾ:- ਆਪ ਦਾ ਪੱਤਰ ਨੰ: 558 ਮਿਤੀ 15-06-2023, ਪੱਤਰ ਨੰ: 559 ਮਿਤੀ 15-06-2023 ਅਤੇ ਪੱਤਰ ਨੰ 561 ਮਿਤੀ 16-06-2023

ਉਪਰੋਕਤ ਵਿਸ਼ੇ ਤੇ ਆਪ ਦੁਆਰਾ ਹਵਾਲਾ ਅਧੀਨ ਪੱਤਰਾਂ ਰਾਹੀਂ ਕੀਤੀਆਂ ਗਈਆਂ ਬੇਨਤੀਆਂ ਦੇ ਸਨਮੁੱਖ ਸੀਮਨ ਸਟੇਸ਼ਨ ਨਾਭਾ ਵਿਖੇ ਰੱਖੇ ਪਸ਼ੂਆਂ ਦੀ ਦੇਖਭਾਲ, ਫਾਰਮ ਤੇ ਪੈਦਾ ਕੀਤੇ ਜਾਂਦੇ ਹਰੇ ਚਾਰੇ ਦੀ ਕਟਾਈ ਅਤੇ ਖੇਤੀਬਾੜੀ ਨਾਲ ਸਬੰਧਿਤ ਹੋਰ ਕੰਮਾਂ ਆਦਿ ਨੂੰ ਠੇਕੇ ਤੇ ਕਰਵਾਉਣ ਲਈ ਮਿਤੀ 16-07-2022 ਤੋਂ 30-06-2023 ਤੱਕ ਦੇ ਸਮੇਂ ਲਈ ਕੀਤੇ ਗਏ ਮੌਜੂਦਾ ਠੇਕਿਆਂ ਦੀ ਮਿਆਦ ਵਿੱਚ ਮਿਤੀ 01-07-2023 ਤੋਂ 31-07-2023 ਤੱਕ (ਇੱਕ ਮਹੀਨੇ ਦਾ) ਪੁਰਾਣੇ ਰੇਟਾਂ ਤੇ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ।

2. ਇਸ ਤੋਂ ਇਲਾਵਾ ਆਪ ਨੂੰ ਉਕਤ ਕੰਮਾਂ ਲਈ ਮਿਤੀ 01-08-2023 ਤੋਂ 31-07-2024 ਤੱਕ ਦੇ ਸਮੇਂ ਲਈ ਨਵਾਂ ਟੈਂਡਰ ਕਰਨ ਦੀ ਪ੍ਰਵਾਨਗੀ ਵੀ ਜਾਰੀ ਕੀਤੀ ਜਾਂਦੀ ਹੈ ।

ਉਕਤ ਪ੍ਰਵਾਨਗੀਆਂ ਦੇ ਸਨਮੁੱਖ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਟੈਂਡਰ ਕਰਨ ਸਬੰਧੀ ਪ੍ਰਕ੍ਰਿਆ ਤੁਰੰਤ ਆਰੰਭ ਕੀਤੀ ਜਾਵੇ ਅਤੇ ਪ੍ਰਾਪਤ ਹੋਣ ਵਾਲੇ ਟੈਂਡਰਾਂ ਅਨੁਸਾਰ ਅਸਲ ਟੈਂਡਰ ਡਾਕੂਮੈਂਟਸ ਅਤੇ ਕੰਪੈਰੇਟਿਵ ਸਟੇਟਮੈਂਟ ਤਿਆਰ ਕਰਕੇ ਆਪਣੀ ਸਵੈ-ਸਪੱਸ਼ਟ ਤਜਵੀਜ ਇਸ ਦਫਤਰ ਨੂੰ ਪ੍ਰਵਾਨਗੀ ਹਿੱਤ ਭੇਜੀ ਜਾਵੇ, ਤਾਂ ਜੋ ਆਪ ਨੂੰ ਲੋੜੀਂਦੀ ਪ੍ਰਵਾਨਗੀ ਜਾਰੀ ਕੀਤੀ ਜਾ ਸਕੇ ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ ।

CamScanner

ਪਿੱਠ ਅੰਕ ਨੰ:02/30/19 .ਡੀ-1/...6838.........................../ ਮਿਤੀ...23/6/2023.........../

ਇਸ ਦਾ ਇੱਕ ਉਤਾਰਾ ਡਾ. ਪਰਮਪਾਲ ਸਿੰਘ, ਵੈਟਨਰੀ ਅਫਸਰ ( ਸਮਾਲ ਰੂਮੀਨੈਂਟਸ ਐਂਡ ਪੋਲਟਰੀ ) ਪੰਜਾਬ - ਕਮ - ਨੋਡਲ ਅਫਸਰ, ਵਿਭਾਗੀ ਵੈਬਸਾਈਟ ਨੂੰ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਸੀਮਨ ਸਟੇਸ਼ਨ, ਨਾਭਾ ਦੇ ਪੱਤਰ ਨੰ: 561 ਮਿਤੀ 15-06-2023 ਦੀ ਫੋਟੋ ਕਾਪੀ ਸਮੇਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਟੈਂਡਰ ਨੋਟਿਸ ਅਤੇ ਟੈਂਡਰ ਦੀਆਂ ਟਰਮਜ਼ ਐਂਡ ਕੰਡੀਸਨਜ਼ ਨੂੰ ਵਿਭਾਗੀ ਵੈਬਸਾਈਟ ਤੇ ਤੁਰੰਤ ਅੱਪਲੋਡ ਕਰਨ ਦੀ ਖੇਚਲ ਕੀਤੀ ਜਾਵੇ।

Rpmittal 23.06.2023

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

20/6/23

CS CamScanner

## ਦਫਤਰ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸ਼ੀਮਨ ਸਟੇਸ਼ਨ ਨਾਭਾ(ਪਟਿਆਲਾ)

(E mail id- adahfarrm@gmail.com, Tele phone no-01765 220137)

ਸੇਵਾ ਵਿਖੇ,

ਡਾਇਰੈਕਟਰ,
ਪਸ਼ੂ ਪਾਲਣ ਵਿਭਾਗ ਪੰਜਾਬ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।
(ਵਿਕਾਸ ਸ਼ਾਖਾ)

ਨੰਬਰ 561/ ਮਿਤੀ 15/06/2023

ਵਿਸ਼ਾ- ਟੈਂਡਰ ਨੋਟਿਸ ਛਪਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦ/ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਸੀਮਨ ਸਟੇਸ਼ਨ ਨਾਭਾ ਵਿਖੇ ਪਸ਼ੂਆਂ ਦੀ ਦੇਖ ਭਾਲ, ਫਾਰਮ ਤੇ ਪੈਦਾ ਕੀਤੇ ਜਾਂਦੇ ਚਾਰੇ ਦੀ ਕਟਾਈ ਅਤੇ ਖੇਤੀਬਾੜੀ ਨਾਲ ਸਬੰਧਿਤ ਹੋਰ ਕੰਮਾਂ ਆਦਿ ਨੂੰ ਠੇਕੇ ਤੇ ਕਰਵਾਉਣ ਲਈ ਕੀਤੇ ਗਏ ਟੈਂਡਰ ਸਬੰਧੀ ਟੈਂਡਰਕਾਰਾਂ ਵੱਲੋਂ ਪਾਏ ਗਏ ਟੈਂਡਰ ਵਿੱਚ ਦਸਤਾਵੇਜ ਮੁਕੰਮਲ ਨਾ ਹੋਣ ਕਾਰਣ ਇਹ ਟੈਂਡਰ ਪ੍ਰਕਿਰਿਆ ਮੁਕੰਮਲ ਨਹੀਂ ਹੋ ਸਕੀ ਅਤੇ ਕਮੇਟੀ ਵੱਲੋ ਇਹ ਟੈਂਡਰ ਰੱਦ ਕਰ ਦਿੱਤਾ ਗਿਆ ਹੈ।

ਨਿਰਦੇਸਕ ਜੀ ਨਾਲ ਨਿਮਨਹਸਤਾਖ਼ਰ ਵੱਲੋਂ ਨਿੱਜੀ ਪੱਧਰ ਤੇ ਜਾ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਨਿਰਦੇਸਕ ਜੀ ਵੱਲੋਂ ਨਵਾਂ ਟੈਂਡਰ ਕਰਨ ਸਬੰਧੀ ਦਿਸ਼ਾ ਨਿਰਦੇਸ ਦਿੱਤੇ ਗਏ।

ਮੌਜੂਦਾ ਠੇਕੇ ਦੀ ਮਿਆਦ ਮਿਤੀ 30-06-2023 ਨੂੰ ਖਤਮ ਹੋ ਰਹੀ ਹੈ। ਮਿਤੀ 01-08-2023 ਤੋਂ ਮਿਤੀ 31-07-2024 ਤੱਕ ਕੰਮ ਦਾ ਨਵਾਂ ਠੇਕਾ ਦੇਣ ਲਈ ਅਖਬਾਰਾਂ ਵਿੱਚ ਟੈਂਡਰ ਨੋਟਿਸ ਪ੍ਰਕਾਸ਼ਿਤ ਕਰਨਾ ਹੈ। ਜਿਲ੍ਹਾ ਲੋਕ ਸੰਪਰਕ ਅਫਸਰ, ਲੋਕ ਸੰਪਰਕ ਵਿਭਾਗ ਪਟਿਆਲਾ ਦੇ ਪੱਤਰ 18/1578 ਮਿਤੀ 06-02-18 ਦੀਆਂ ਹਦਾਇਤਾਂ ਅਨੁਸਾਰ ਪ੍ਰਕਾਸ਼ਿਤ ਕਰਨ ਵਾਲੇ ਟੈਂਡਰ ਦੀਆਂ ਸ਼ਰਤਾਂ ਪਹਿਲਾਂ ਵਿਭਾਗ ਦੀ ਵੈਬਸਾਇਟ ਤੇ ਅੱਪਲੋਡ ਕੀਤੀਆਂ ਜਾਂਦੀਆਂ ਹਨ।

ਇਸ ਲਈ ਟੈਂਡਰ ਦੀਆਂ ਸ਼ਰਤਾਂ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਟੈਂਡਰ ਦੀ ਪ੍ਰਵਾਨਗੀ ਦਿੰਦੇ ਹੋਏ ਵਿਭਾਗ ਦੀ ਵੈਬੱਸਾਈਟ ਤੇ ਅੱਪਲੋਡ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਨੱਥੀ : ਟੈਂਡਰ ਖਰੜਾ।

ਡਿਪਟੀ ਡਾਇਰੈਕਟਰ, ਪਸ਼ੂ ਪਾਲਣ,
ਸੀਮਨ ਸਟੇਸ਼ਨ ਨਾਭਾ (ਪਟਿਆਲਾ)।

15/6 15/06/23

Scanned with OKEN Scanner

## TENDER FOR ANIMALS WORK AT SEMEN STATION NABHA

Instructions (Nabha) Contract period 01-08-2023 to 31-07-2024 (can be extended with the consent of contractor)

Single –bid Tender will be in single bid system The Completely filled Performa and other necessary documents should be enclosed in a duly sealed and Signed envelop.

Tender application

Tender application should contain the detailed information on the following:

(a) Nature of ownership
(b) Composition of firm
(c) Banker's name & address
(d) PAN/ TAN NO.
(e) Income tax return (latest)
(f) List of clients
(g) Registration under Labour act with the Labour commissioner, Punjab (if any).
(h) The registration number with provident commissioner, Punjab( if any).
(i) Earnest money of Rs.50000/-Fifty thousand only) in the form of DD in the name of Deputy Director Animal Husbandry, Semen Station, Nabha.
(j) Attach completely filled in technical & financial detail Performa
(k) E. mail.ID
(l) Certificates where needed should be attached duly attested.

*NOTE :Price should be quoted item wise.*

All applicable taxes and deductions should be included in the quotation.

*Other conditions:*

1. The quotations must reach in the office of the Deputy Director Animal Husbandry, Semen Station Nabha before 12.00 noon on the date 04-07-2023 mentioned in the tender notice.
2. In the event of quotations being submitted by a firm it must be signed separately by each member there of, or in the event of the absence of any partner it must be signed on his behalf by a person holding a power of attorney authorizing him to do so, or in case of a Company the quotations should be executed in a manner laid down in the said company's Articles of Association. The signatures on quotations should be deemed to be authorized signatures.
3. All the columns of the quotation form shall be dully properly and exhaustively filled in. The rates and units shall not be overwritten. Quotations shall always be both in figures and in words.
   The words "No quotation" should be written across any or all of the items in the schedule for which a tenderer does note wish to tender,
4. Any omission in filling the columns of 'units" and 'rates" shall all together debar a quotation from being considered.
5. All corrections must be signed by the tender's.
6. The successful tenderer/s will be required to deposit in additions as security for due performance of the contract an amount as mentioned against the work in the form of bank security on or before the date mentioned in the work order,
7. Deputy Director Animal Husbandry Semen Station Nabha will have the right of rejecting all or any of the quotations without assigning reasons.
8. No tender will be considered unless and until all the documents are properly signed.
9. If the contractor(L-1) does not start work on due date, or withdraws quotation ,his deposited Rs.50000/- as earnest money will be forfeited without any notice. his tender will be cancelled and the work will be allotted to next contractor.
10. The quotation will be regarded as constituting an offer or offers open to acceptance in whole or in parts at the discretions of Deputy Director Animal Husbandry semen station Nabha until the work is completed.
11. In the event of tender being accepted, the accepted quotations will be converted into a contract which will be governed by the conditions read with these instructions.

Read and Accepted

Signature of Tender's

I/we hereby quote to do the work specified in the underwritten schedule in the manner in which and written the time specified as set forth in the conditions of contract at the rates given in the schedule. The conditions will be binding upon me/us in the event of the acceptance of my/our tender.

Should I/we fail to execute an agreement embodying the said conditions and furnish security in the shape of bank draft as laid down in the form Attached after acceptance of my/our tender. I /we hereby agree that the above earnest money and sum of security money in the form of bank security shall be forfeited by Deputy Director Animal Husbandry Semen Station Nabha in case of any default by me/us without any notice .

Time Frame: Date of Opening of tender :- 04-07-2023 at 12.00 noon

Date of Deposit of Security money by the successful tender on or before the date mentioned in the work order,

Signature of Tenderer's

ਡਿਪਟੀ ਡਾਇਰੈਕਟਰ
ਪਸ਼ੂ ਪਾਲਣ ਸੀਮਨ ਸਟੇਸ਼ਨ,ਨਾਭਾ

Scanned with OKEN Scanner

# ਪੰਜਾਬ ਸਰਕਾਰ

## ਪਸ਼ੂ ਪਾਲਣ ਵਿਭਾਗ ਪੰਜਾਬ, ਦਫ਼ਤਰ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸੀਮਨ ਸਟੇਸ਼ਨ ਨਾਭਾ।

### ਟੈਂਡਰ ਮੰਗਣ ਦਾ ਨੋਟਿਸ

ਟੈਂਡਰ ਨੋਟਿਸ ਨੰ : 3

ਮਿਤੀ 15-06-2023

ਕੰਮ ਦੀ ਮੰਗ ਕਰਨ ਵਾਲਾ ਵਿਭਾਗ

ਪਸ਼ੂ ਪਾਲਣ ਵਿਭਾਗ ਪੰਜਾਬ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸੀਮਨ ਸਟੇਸ਼ਨ ਨਾਭਾ।

ਕੰਮ ਦਾ ਸੰਖੇਪ ਵੇਰਵਾ

| ਆਈਟਮ | ਕੰਮ ਦੀ ਅਨੁਮਾਨਤ ਲਾਗਤ | ਰਕਮ ਈ.ਐਮ.ਡੀ. |
|---|---|---|
| 1) ਸਮੁੱਚੇ ਸੀਮਨ ਸਟੇਸ਼ਨ ਨਾਭਾ ਵਿਖੇ 103.5 ਏਕੜ ਰਕਬੇ ਉਪਰ ਹਰੇ ਚਾਰੇ ਦੀ ਬਿਜਾਈ,ਸਿੰਚਾਈ, ਕਟਾਈ,ਕੁਤਰਾਈ ਸਬੰਧੀ ਆਦਿ ਕੰਮ ਇੰਚਾਰਜ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਰੋਜਾਨਾ ਪੂਰੇ ਕਰਨੇ। | 2,80,000- | ਰੁ 50000- |
| 2) ਸਮੁੱਚੇ ਸੀਮਨ ਸਟੇਸ਼ਨ ਨਾਭਾ ਵਿਖੇ ਬੁਲ ਪੈਨਾ ਦੇ ਅੰਦਰੋ ਅਤੇ ਬਾਹਰੋ ਗੋਹਾ ਚੁੱਕਣਾ,ਡਰੇਨਾ ਦੀ ਸਫਾਈ, ਬਾਇਓਗੈਸ ਪਲਾਂਟ ਸਬੰਧੀ ਕੰਮ ਇੰਚਾਰਜ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਰੋਜਾਨਾ ਪੂਰੇ ਕਰਨੇ ਅਤੇ ਪਸ਼ੂਆਂ ਨੂੰ ਹਰਾ ਚਾਰਾ ਤੇ ਫੀਡ ਆਦਿ ਪਾਉਣ ਸਬੰਧੀ ਕੰਮ | 2,54,500- | ਰੁ 50000- |

ਨੋਟ:- ਕੰਮ ਦੇ ਅਨੁਮਾਨ ਲਈ ਚਾਹਵਾਨ ਠੇਕੇਦਾਰ ਦੁਆਰਾ ਕਿਸੇ ਵੀ ਕੰਮ ਵਾਲੇ ਦਿਨ ਸੀਮਨ ਸਟੇਸ਼ਨ ਨਾਭਾ ਵਿਖੇ ਸਟੇਸ਼ਨ ਇੰਚਾਰਜ ਦੀ ਆਗਿਆ ਉਪਰੰਤ ਆਇਆ ਜਾ ਸਕਦਾ ਹੈ।

1) ਟੈਡਰ ਫਾਰਮ — 1000- ਰੁਪਏ ਪ੍ਰਤੀ ਫਾਰਮ

2) ਟੈਂਡਰ ਖੋਲਣ ਦੀ ਮਿਤੀ — 04-07-2023, ਦੁਪਹਿਰ 12.00 ਵਜੇ

ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਵੈਬਸਾਈਟ www.husbandrypunjab.org ਦੇਖੋ ਸੋਧ ਜੇਕਰ ਕੋਈ ਹੋਈ ਕੇਵਲ ਵੈਬੱਸਾਈਟ ਤੇ ਜਾਰੀ ਕੀਤੀ ਜਾਵੇਗੀ।

ਡਿਪਟੀ ਡਾਇਰੈਕਟਰ,ਪਸ਼ੂ ਪਾਲਣ,
ਸੀਮਨ ਸਟੇਸ਼ਨ ਨਾਭਾ(ਪਟਿਆਲਾ)

Scanned with OKEN Scanner

## ਖਰੜਾ
## ਟੈਕਨੀਕਲ ਬਿਡ ਲਈ ਕੰਮਾਂ ਦੇ ਵੇਰਵੇ ਦੀ ਸੂਚੀ ਅਤੇ ਪ੍ਰੋਫਾਰਮਾ

| ਆਈਟਮ ਨੰ. | ਕੰਮਾਂ ਦਾ ਵੇਰਵਾ | ਅੰਦਾਜਨ ਘੱਟੋ-ਘੱਟ ਕੰਮ ਪ੍ਰਤੀ ਦਿਨ | ਰੇਟ ਪ੍ਰਤੀ ਮਹੀਨਾ ਸਾਰੇ ਟੈਕਸ ਅਤੇ ਹੋਰ ਖਰਚਿਆਂ ਸਮੇਤ |
|---|---|---|---|
| 1 | ਸਮੁੱਚੇ ਸੀਮਨ ਸਟੇਸ਼ਨ ਨਾਭਾ ਵਿਖੇ 103.5 ਏਕੜ ਰਕਬੇ ਉਪਰ ਹਰੇ ਚਾਰੇ ਦੀ ਬਿਜਾਈ,ਸਿੰਚਾਈ, ਕਟਾਈ,ਕੁਤਰਾਈ ਸਬੰਧੀ ਆਦਿ ਕੰਮ ਇੰਚਾਰਜ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਰੋਜਾਨਾ ਪੂਰੇ ਕਰਨੇ। | ਫਾਰਮ ਵਿਖੇ ਕੰਮ ਦੀ ਜ਼ਰੂਰਤ ਅਨੁਸਾਰ/ ਇੰਚਾਰਜ ਅਧਿਕਾਰੀ ਦੇ ਨਿਰਦੇਸ ਅਨੁਸਾਰ/ਇੰਚਾਰਜ਼ ਅਧਿਕਾਰੀ ਦੀ ਤਸੱਲੀ ਅਨੁਸਾਰ | |
| 2 | ਸਮੁੱਚੇ ਸੀਮਨ ਸਟੇਸ਼ਨ ਨਾਭਾ ਵਿਖੇ ਬੁਲ ਪੈਨਾ ਦੇ ਅੰਦਰੋ ਅਤੇ ਬਾਹਰੋ ਗੋਹਾ ਚੁੱਕਣਾ,ਡਰੇਨਾ ਦੀ ਸਫਾਈ, ਬਾਇਓਗੈਸ ਪਲਾਂਟ ਸਬੰਧੀ ਕੰਮ ਇੰਚਾਰਜ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਰੋਜਾਨਾ ਪੂਰੇ ਕਰਨੇ ਅਤੇ ਪਸ਼ੂਆਂ ਨੂੰ ਹਰਾ ਚਾਰਾ ਤੇ ਫੀਡ ਆਦਿ ਪਾਉਣ ਸਬੰਧੀ ਕੰਮ। | ਫਾਰਮ ਵਿਖੇ ਕੰਮ ਦੀ ਜ਼ਰੂਰਤ ਅਨੁਸਾਰ/ ਇੰਚਾਰਜ ਅਧਿਕਾਰੀ ਦੇ ਨਿਰਦੇਸ ਅਨੁਸਾਰ/ਇੰਚਾਰਜ਼ ਅਧਿਕਾਰੀ ਦੀ ਤਸੱਲੀ ਅਨੁਸਾਰ | |

ਨੋਟ:- (1) ਉਪਰੋਕਤ ਕੰਮ ਦੇ ਸਬੰਧ ਵਿੱਚ ਸਾਰੇ ਰੇਟ ਸੀਮਨ ਸਟੇਸ਼ਨ ਨਾਭਾ ਲਈ ਹੋਣਗੇ।

(2) ਉਪਰੋਕਤ ਕੰਮ ਦੇ ਅਨੁਮਾਨ ਲਈ ਚਾਹਵਾਨ ਠੇਕੇਦਾਰ ਦੁਆਰਾ ਕਿਸੇ ਵੀ ਕੰਮ ਵਾਲੇ ਦਿਨ ਸੀਮਨ ਸਟੇਸ਼ਨ ਨਾਭਾ ਵਿਖੇ ਸਟੇਸ਼ਨ ਇੰਚਾਰਜ ਦੀ ਆਗਿਆ ਉਪਰੰਤ ਆਇਆ ਜਾ ਸਕਦਾ ਹੈ।

(ੳ) ਟੈਂਡਰ ਲਈ ਹੇਠ ਲਿਖੇ ਵੇਰਵੇ ਅਨੁਸਾਰ Tender Fee, EMD and Security Deposit ਦੀ ਰਾਸ਼ੀ ਲਈ ਜਾਵੇਗੀ।

| ਲੜੀ ਨੰ: | ਵੇਰਵਾ | ਰਾਸ਼ੀ |
|---|---|---|
| 1 | ਟੈਂਡਰ ਫਾਰਮ ਦੀ ਕੀਮਤ | 1000/-ਰੁਪਏ ਨਾ ਮੋੜਨਯੋਗ |
| 2 | Earnest Money Deposit (EMD)<br>( Deputy Director Animal Husbandry Semen Station Nabha) | ਟੈਂਡਰ ਫਾਰਮ ਨਾਲ ਠੇਕੇਦਾਰ ਨੂੰ 50,000/- ਰੁਪਏ ਦਾ ਡਰਾਫਟ ਬਤੋਰ ਅਰਨੇਸਟ ਮਨੀ (Earnest Money) ਦੇਣੀ ਹੋਵੇਗੀ, ਜੋ ਕਿ ਸਫਲ ਠੇਕੇਦਾਰ ਤੋਂ ਇਲਾਵਾ ਬਾਕੀ ਸਾਰੇ ਠੇਕੇਦਾਰਾਂ ਲਈ ਟੈਂਡਰ ਸਬੰਧੀ ਕਾਰਵਾਈ ਮੁਕੰਮਲ ਹੋਣ ਉਪਰੰਤ ਰਿਫੰਡੇਬਲ ਹੋਵੇਗੀ। ਪ੍ਰੰਤੂ ਸਫਲ ਠੇਕੇਦਾਰ (L-1) ਨੂੰ ਬਣਦੀ ਰਾਸ਼ੀ ਵਾਪਿਸ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨ ਤੇ ਕੀਤੀ ਜਾਵੇਗੀ : -<br>(1) ਬਣਦੀ ਸਕਿਉਰਟੀ ਡਿਪੋਜ਼ਿਟ ਬੈਂਕ ਗਰੰਟੀ ਦੇ ਰੂਪ ਵਿੱਚ ਪ੍ਰਾਪਤ ਹੋਣ ਤੇ।<br>(2) ਟੈਂਡਰ ਐਗਰੀਮੈਂਟ ਤੇ ਹਸਤਾਖਰ ਹੋਣ ਉਪਰੰਤ। |
| 3 | Security Deposit | ਕੇਵਲ ਸਫਲ ਠੇਕੇਦਾਰ (L-1) ਤੋਂ ਹੀ ਸਬੰਧਿਤ ਪ੍ਰਵਾਨਿਤ ਟੈਂਡਰ ਦੇ ਇੱਕ ਮਹੀਨੇ ਦੇ ਬਰਾਬਰ ਰਾਸ਼ੀ (in Round figure) ਬੈਂਕ ਗਰੰਟੀ ਦੇ ਰੂਪ ਵਿੱਚ ਪ੍ਰਾਪਤ ਕੀਤੀ ਜਾਵੇਗੀ ਅਤੇ ਟੈਂਡਰ ਦਾ ਸਮਾਂ ਸਫਲਤਾਪੂਰਵਕ ਸਮਾਪਤ ਹੋਣ ਤੇ ਕਮੇਟੀ ਦੀ ਅਪਰੂਵਲ ਹੋਣ ਉਪਰੰਤ ਰਿਫੰਡੇਬਲ ਹੋਵੇਗੀ। |

(- ਚੱਲਦਾ ਪੰਨਾ - )

ਡਿਪਟੀ ਡਾਇਰੈਕਟਰ
ਪਸ਼ੂ ਪਾਲਣ ਸੀਮਨ ਸਟੇਸ਼ਨ,ਨਾਭਾ

(ਅ) <u>ਟਰਮਜ਼ ਐਂਡ ਕੰਡੀਸ਼ਨਾਂ :</u>

1. ਸਫਲ ਠੇਕੇਦਾਰ ਨੂੰ ਸਬੰਧਤ ਵਿਭਾਗੀ ਫਾਰਮ ਦੇ ਇੰਚਾਰਜ ਦੇ ਨਾਂ ਤੇ ਬਤੌਰ ਸਕਿਉਰਟੀ ਡਿਪਾਜ਼ਿਟ ਬਣਦੀ ਰਾਸ਼ੀ ਬੈਂਕ ਗਰੰਟੀ ਦੇ ਰੂਪ ਵਿੱਚ ਜਿਸਦੀ ਮਿਆਦ ਟੈਂਡਰ ਦਾ ਸਮਾਂ ਸਮਾਪਤ ਹੋਣ ਤੱਕ ਹੋਵੇ, ਵਰਕ ਆਰਡਰ ਵਿੱਚ ਦਰਸਾਈ ਮਿਤੀ ਤੋਂ ਪਹਿਲਾਂ ਜ਼ਮਾਂ ਕਰਵਾਉਣੀ ਹੋਵੇਗੀ। ਕੰਮ ਸ਼ੁਰੂ ਨਾ ਕਰਨ ਦੀ ਹਾਲਤ ਵਿੱਚ ਕੰਮ ਤਸੱਲੀ ਬਖਸ਼ ਨਾ ਹੋਣ ਕਾਰਨ ਜਾਂ ਕੰਮ ਵਿੱਚ ਕੋਈ ਅੜਚਣ ਪਾਉਣ ਤੇ ਇਹ ਰਕਮ ਬਗੈਰ ਨੋਟਿਸ ਦਿੱਤੇ ਜਬਤ ਕਰ ਲਈ ਜਾਵੇਗੀ ਅਤੇ ਉਸ ਠੇਕੇਦਾਰ ਦਾ ਟੈਂਡਰ ਕੈਂਸਲ ਕਰ ਦਿੱਤਾ ਜਾਵੇਗਾ।

2. ਠੇਕੇਦਾਰ ਵੱਲੋਂ ਲਾਈ ਗਈ ਕੋਈ ਸ਼ਰਤ ਮੰਨਣਯੋਗ ਨਹੀ ਹੋਏਗੀ।

3. ਸਫਲ ਠੇਕੇਦਾਰ ਪੰਜਾਬ ਸਰਕਾਰ ਦੁਆਰਾ ਲੇਬਰ ਅਤੇ ਕੰਮ ਸਬੰਧੀ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ ।

4. ਸਫਲ ਠੇਕੇਦਾਰ ਦੁਆਰਾ ਯਕੀਨੀ ਬਣਾਇਆ ਜਾਵੇਗਾ ਕਿ ਕੰਮ ਸਬੰਧਤ ਅਧਿਕਾਰੀਆਂ ਦੀ ਨਿਗਰਾਨੀ / ਹਦਇਤਾਂ ਅਨੁਸਾਰ ਤੱਸਲੀਬਖ਼ਸ ਕੀਤਾ ਜਾਵੇਗਾ ।ਅਜਿਹਾ ਨਾ ਕਰਨ ਦੀ ਹਾਲਤ ਵਿਚ ਵਰਕ ਆਡਰ ਰੱਦ ਕਰ ਦਿੱਤਾ ਜਾਵੇਗਾ ਅਤੇ ਠੇਕੇਦਾਰ ਦੀ ਬੈਂਕ ਸਿਕਉਰਟੀ ਜਬਤ ਕਰ ਲਈ ਜਾਵੇਗੀ ।

5. ਠੇਕੇਦਾਰ ਆਪਣੇ ਵੱਲੋਂ ਰੱਖੀ ਗਈ ਲੇਬਰ ਨੂੰ ਲੇਬਰ ਐਕਟ ਅਧੀਨ ਦਿੱਤੀਆਂ ਜਾਣ ਵਾਲੀਆ ਸਾਰੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੋਵੇਗਾ। ਕੰਮ ਸਮੇ ਕਿਸੇ ਐਕਸੀਡੈਂਟ, ਸੱਟ ਲੱਗਣ ਜਾਂ ਲੇਬਰ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸਾਰੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਵਿਭਾਗ ਕਿਸੇ ਵੀ ਕਿਸਮ ਦੇ ਖਰਚ / ਕਲੇਮ/ਬੀਮਾ ਅਦਿ ਲਈ ਜਿੰਮੇਵਾਰ ਨਹੀ ਹੋਵੇਗਾ ।

6. ਸਫਲ ਠੇਕੇਦਾਰ ਲੇਬਰ ਨੂੰ ਸਮੇਂ ਸਮੇਂ ਸਿਰ ਫਿਕਸ ਕੀਤੇ ਜਾਣ ਵਾਲੇ ਡੀ.ਸੀ. ਰੇਟ ਅਨੁਸਾਰ ਆਪਣੇ ਪੱਧਰ ਤੇ ਪੈਮੇਂਟ ਕਰਨ ਲਈ ਵਚਨਬੱਧ ਹੋਵੇਗਾ।

7. ਸਫਲ ਠੇਕੇਦਾਰ ਲੇਬਰ ਨੂੰ ਹਰ ਮਹੀਨੇ ਦੀ 7 ਤਰੀਕ ਤੋਂ ਪਹਿਲਾਂ ਆਪਣੇ ਵਸੀਲਿਆਂ ਤੋਂ ਭੁਗਤਾਨ ਕਰੇਗਾ ਅਤੇ ਬਿਲ ਦੇ ਨਾਲ ਲਿਖ਼ਤੀ ਤਸਦੀਕ ਕਰੇਗਾ ਕਿ ਪਿਛਲੇ ਮਹੀਨੇ ਦੀ ਬਣਦੇ ਵੇਜ਼ਿਜ (Wages),ਈ.ਐਸ. ਆਈ., ਈ.ਪੀ.ਐਫ. ਆਦਿ ਲੇਬਰ ਨੂੰ ਦੇ ਦਿੱਤੇ ਗਏ ਹਨ।

8. ਵਿਭਾਗ ਦੀਆਂ ਜਰੂਰਤਾਂ ਅਨੁਸਾਰ ਕੰਮ ਵਧਾਇਆ/ਘਟਾਇਆ / ਕੁੱਝ ਸਮੇਂ ਲਈ ਰੋਕਿਆ ਜਾਂ ਖਤਮ ਕੀਤਾ ਜਾ ਸਕਦਾ ਹੈ ।

9 ਜੇਕਰ ਟੈਂਡਰ ਫਾਰਮ ਨਾਲ ਠੇਕੇਦਾਰ ਵੱਲੋ ਲੇਬਰ ਕਮਿਸ਼ਨਰ ਵੱਲੋ ਜਾਰੀ ਲੇਬਰ ਸਬੰਧੀ ਲਾਈਸੈਂਸ, ਈ.ਪੀ.ਐਫ. ਨੰਬਰ, ਈ.ਆਈ ਐਸ. ਨੰਬਰ ਦੇ ਪਰੂਫ ਨਾ ਲਾਏ ਗਏ ਤਾਂ ਉਸਦਾ ਟੈਂਡਰ ਰੱਦ ਕਰ ਦਿੱਤਾ ਜਾਵੇਗਾ।

10. ਇਨਕਮ ਟੈਕਸ ਵਿਭਾਗ ਵੱਲੋ ਜਾਰੀ ਹਦਾਇਤਾਂ ਅਨੁਸਾਰ ਬਣਦਾ T. D. S. ਠੇਕੇਦਾਰ ਵੱਲੋ ਬਿਲ ਨਾਲ ਜਮਾਂ ਕਰਵਾਇਆ ਜਾਵੇਗਾ।

11 ਉਪਰੋਕਤ ਕੰਮਾਂ ਸਬੰਧੀ ਮਸ਼ੀਨਰੀ ਵਿਭਾਗ ਦੁਆਰਾ ਦਿੱਤੀ ਜਾਵੇਗੀ।

12 ਸਬੰਧਤ ਫਾਰਮ ਤੇ ਮੌਜੂਦਾ ਕੰਮ ਅਤੇ ਪਿਛਲੇ ਸਮੇ ਕੰਮ ਦੇ ਤਜ਼ਰਬੇ ਅਨੁਸਾਰ ਆਈਟਮ ਨੰ: 1 ਅਤੇ 2 ਲਈ ਕ੍ਰਮਵਾਰ ਅੰਦਾਜਨ 22 ਅਤੇ 20 ਵਿਅਕਤੀਆਂ (ਲੇਬਰ) ਦੀ ਰੋਜਾਨਾ ਜ਼ਰੂਰਤ ਹੋਵੇਗੀ। ਪ੍ਰੰਤੂ ਠੇਕੇਦਾਰ ਦੁਆਰਾ ਕੰਮ ਨੂੰ ਪੂਰਾ ਕਰਨ ਲਈ ਕਾਮਿਆਂ ਦੀ ਗਿਣਤੀ ਵਧਾਈ ਘਟਾਈ ਜਾ ਸਕਦੀ ਹੈ ਜਾਂ ਹੋਰ ਸਾਧਨ/ਮਸ਼ੀਨਰੀ ਦੀ ਵਰਤੋ ਕੀਤੀ ਜਾ ਸਕਦੀ ਹੈ।

13 ਫਾਰਮ ਦੇ ਪਸ਼ੂਆਂ ਲਈ ਪੱਠੇ/ਫੀਡ/ਸਪਲੀਮੈਂਟ/ਸਾਈਲੇਜ/ਸੁੱਕਾ ਚਾਰਾ ਆਦਿ ਇੰਚਾਰਜ ਅਧਿਕਾਰੀ ਦੇ ਨਿਰਦੇਸਾਂ ਅਨੁਸਾਰ ਪ੍ਰਤੀ ਪਸ਼ੂ ਜ਼ਰੂਰਤ/ਉਪਲੱਬਧਤਾ ਅਨੁਸਾਰ ਘਟਾਏ ਵਧਾਏ ਜਾ ਸਕਦੇ ਹਨ।

14 ਟੈਂਡਰ ਅਧੀਨ ਕੰਮਾਂ ਦਾ ਸਮਾਂ 01-08-2023 ਤੋ 31-07-2024 ਤੱਕ ਹੈ, ਜੋ ਕਿ ਫਾਰਮ ਵਿਖੇ ਕੰਮ ਦੀ ਜ਼ਰੂਰਤ ਅਨੁਸਾਰ/ਘਟਾਇਆ ਜਾ ਵਧਾਇਆ ਜਾ ਸਕਦਾ ਹੈ ।

15 ਫਾਰਮ ਦੀ ਬਾਇਓਸਕਿਉਰਟੀ ਨੂੰ ਮੁੱਖ ਰੱਖਦੇ ਹੋਏ ਸਫਲ ਠੇਕੇਦਾਰ ਦੁਆਰਾ ਕੰਮ ਲਈ ਭੇਜੇ ਗਏ ਕਾਮਿਆਂ ਦਾ ਨਾਮ ਅਨੁਸਾਰ ਸੂਚੀ ਆਪਣੇ ਲੈਟਰ ਹੈਡ ਤੇ ਲਿਖ ਕੇ ਇੰਚਾਰਜ ਅਧਿਕਾਰੀ ਨੂੰ ਦਿੱਤੀ ਜਾਵੇਗੀ ਅਤੇ ਕੋਈ ਵੀ ਤਬਦੀਲੀ ਕਰਨ ਸਮੇ ਇਤਲਾਹ ਲਿਖ ਕੇ ਦਿੱਤੀ ਜਾਵੇਗੀ।

16 ਠੇਕੇਦਾਰ ਦੁਆਰਾ ਕਰਵਾਏ ਜਾ ਰਹੇ ਕੰਮ ਦੇ ਦੌਰਾਨ ਕਿਸੇ ਵੀ ਤਰ੍ਹਾਂ ਦੇ ਲੇਬਰ ਦੇ ਝਗੜੇ ਆਦਿ ਲਈ ਵਿਭਾਗ ਜਿੰਮੇਵਾਰ ਨਹੀ ਹੋਵੇਗਾ ਅਤੇ ਕੰਮ ਲਈ ਭੇਜੇ ਜਾਣ ਵਾਲੇ ਲੇਬਰ ਦੇ ਬੰਦੇ ਵਿਭਾਗ ਦੇ ਮੁਲਾਜ਼ਮ ਨਹੀ ਹੋਣਗੇ ।

17 ਜੇਕਰ ਠੇਕੇਦਾਰ ਦੀ ਲੇਬਰ ਕਿਸੇ ਕਾਰਣ ਆਪਣੇ ਪੱਧਰ ਤੇ ਜਾਂ ਦੂਜਿਆਂ ਨਾਲ ਮਿਲਕੇ ਕਿਸੇ ਤਰਾਂ ਦੀ ਹੜਤਾਲ ਕਰਦੀ ਹੈ ਜਾਂ ਕੋਈ ਧਰਨਾ ਆਦਿ ਲਗਾਉਂਦੀ ਹੈ, ਤਾਂ ਇਹ ਠੇਕੇਦਾਰ ਦੀ ਹੀ ਜਿੰਮੇਵਾਰੀ ਹੋਵੇਗੀ ਕਿ ਉਸ ਨੂੰ ਦਿੱਤੇ ਗਏ (ਉਸ ਦਿਨ/ਦਿਨਾਂ ਦੇ) ਕੰਮਾਂ ਨੂੰ ਕਰਵਾਉਣ ਲਈ ਹਰ ਹੀਲੇ ਪਾਬੰਦ/ਜਿੰਮੇਵਾਰ ਹੋਵੇਗਾ ਤਾਂ ਜੋ ਫਾਰਮ ਤੇ ਰੱਖੇ ਪਸ਼ੂਆਂ ਨੂੰ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਾ ਪਹੁੰਚੇ ਅਤੇ ਸਰਕਾਰ ਦੇ ਕੰਮ ਵਿੱਚ ਵਿਘਨ ਨਾ ਹੋਵੇ।

18 ਸਬੰਧਿਤ ਫਾਰਮ ਦੀਆਂ ਜ਼ਰੂਰਤਾਂ ਅਨੁਸਾਰ ਕੰਮ ਦੀ ਮਾਤਰਾ ਅਤੇ ਕੰਮਾਂ ਦਾ ਸਮਾਂ ਆਪਸੀ ਸਹਿਮਤੀ ਨਾਲ ਘਟਾਇਆ - ਵਧਾਇਆ ਜਾ ਸਕਦਾ ਹੈ ਅਤੇ ਲੀਨ ਪੀਰੀਅਡ ਵਿੱਚ ਕੁੱਝ ਸਮੇਂ ਲਈ ਬੰਦ ਵੀ ਕੀਤਾ ਜਾ ਸਕਦਾ ਹੈ।

(- ਚੱਲਦਾ ਪੰਨਾ - )

ਡਿਪਟੀ ਡਾਇਰੈਕਟਰ
ਪਸ਼ੂ ਪਾਲਣ ਸੀਮਨ ਸਟੇਸ਼ਨ,ਨਾਭਾ

Scanned with OKEN Scanner

19 ਸਫਲ ਠੇਕੇਦਾਰ ਸਬੰਧਿਤ ਟੈਂਡਰ ਵਿੱਚ ਦਰਸਾਏ ਗਏ ਕੰਮਾਂ ਨੂੰ ਅਪਣੇ ਪੱਧਰ ਤੇ ਰੱਖੀ ਗਈ ਲੇਬਰ ਤੋਂ ਕੰਮ ਕਰਵਾਉਣ ਲਈ ਪਾਬੰਧ ਹੋਵੇਗਾ। ਟੈਂਡਰ ਵਿੱਚ ਦਰਸਾਏ ਕੰਮਾਂ ਨੂੰ ਜੇਕਰ ਠੇਕੇਦਾਰ ਵੱਲੋਂ ਸਮੇਂ ਸਿਰ ਪੂਰਾ ਨਹੀਂ ਕਰਵਾਇਆ ਜਾਂਦਾ ਜਾਂ ਕੋਈ ਕਮੀ ਰਹਿ ਜਾਂਦੀ ਹੈ ਅਤੇ ਫਾਰਮ / ਸੈਕਸ਼ਨ ਇੰਚਾਰਜ਼ ਵੱਲੋਂ ਠੇਕੇਦਾਰ ਦੇ ਵਿਰੁੱਧ ਕੰਮ ਅਧੂਰਾ ਛੱਡਣ, ਕੰਮ ਸਮੇਂ ਸਿਰ ਨਾ ਕਰਨ ਜਾਂ ਕੰਮ ਤਸੱਲੀਬਖ਼ਸ ਨਾ ਹੋਣ ਬਾਰੇ ਆਪਣੀ ਲਿਖ਼ਤੀ ਰਿਪੋਰਟ ਕੀਤੀ ਜਾਂਦੀ ਹੈ ਤਾਂ ਵਿਭਾਗ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਠੇਕੇਦਾਰ ਨੂੰ ਦਿੱਤੀ ਜਾਣ ਵਾਲੀ ਰਾਸ਼ੀ ਵਿੱਚੋਂ ਘੱਟੋ-ਘੱਟ 10% ਜਾਂ ਨੁਕਸਾਨ ਦੀ ਕੀਮਤ ਦੇ ਬਰਾਬਰ ਦੀ ਕਟੌਤੀ ਕਰਕੇ ਕੀਤੀ ਜਾਵੇਗੀ।

20 ਜੇਕਰ ਸਫਲ ਠੇਕੇਦਾਰ ਟੈਂਡਰ ਦੀਆਂ ਲੜੀ ਨੰਬਰ 01 ਤੋਂ 19 ਤੱਕ ਦਰਜ਼ ਸ਼ਰਤਾਂ ਪੂਰੀਆਂ ਨਹੀਂ ਕਰਦਾ/ਜਾਂ ਇਹਨਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸਦੀ ਬੈਂਕ ਸਕਿਉਰਟੀ ਜ਼ਬਤ ਕਰ ਲਈ ਜਾਵੇਗੀ।

ਡਿਪਟੀ ਡਾਇਰੈਕਟਰ
ਪਸ਼ੂ ਪਾਲਣ ਸੀਮਨ ਸਟੇਸ਼ਨ,ਨਾਭਾ
15/6